# ਇੱਕ ਐਮਰਜੈਂਸੀ ਕਿੱਟ ਤਿਆਰ ਰੱਖੋ

**ਐਮਰਜੈਂਸੀ ਦੀ ਸਥਿਤੀ ਵਿੱਚ, ਤੁਹਾਡੇ ਕੋਲ ਖਾਲੀ ਕਰਨ (ਸਥਾਨ ਛੱਡਣ) ਲਈ ਸਿਰਫ਼ ਇੱਕ ਪਲ ਦਾ ਨੋਟਿਸ ਹੋ ਸਕਦਾ ਹੈ। ਇੱਥੇ ਵਿਚਾਰ ਕਰਨ ਲਈ ਕੁਝ ਸੁਝਾਈਆਂ ਗਈਆਂ ਆਈਟਮਾਂ ਹਨ।**

## ਤੁਹਾਡੀ ਪੈਕੇਜਿੰਗ ਸੂਚੀ

- ☐ ਬੋਤਲਬੰਦ ਪਾਣੀ ਦੀ ਤਿੰਨ ਦਿਨਾਂ ਦੀ ਅਪੂਰਤੀ (ਪ੍ਰਤੀ ਦਿਨ ਪ੍ਰਤੀ ਵਿਅਕਤੀ ਇੱਕ ਗੈਲਨ)
- ☐ ਫਸਟ ਏਡ ਕਿੱਟ, ਜ਼ਰੂਰੀ ਦਵਾਈਆਂ ਅਤੇ ਐਨਕਾਂ
- ☐ ਪੈਕ ਕੀਤੇ, ਸੁੱਕੇ ਅਤੇ ਡੱਬਾਬੰਦ ਭੋਜਨ ਦੀ ਤਿੰਨ ਦਿਨਾਂ ਦੀ ਅਪੂਰਤੀ
- ☐ ਮੈਨੁਅਲ ਕੈਨ ਓਪਨਰ
- ☐ ਪਾਲਤੂ ਜਾਨਵਰਾਂ ਦਾ ਭੋਜਨ ਅਤੇ ਪਾਲਤੂ ਜਾਨਵਰਾਂ ਦਾ ਕੈਰੀਅਰ
- ☐ ਵਾਟਰਪ੍ਰੂਫ ਬੈਗਾਂ ਵਿੱਚ ਵਾਧੂ ਬੈਟਰੀਆਂ ਦੇ ਨਾਲ ਪੋਰਟੇਬਲ ਰੇਡੀਓ ਅਤੇ ਫਲੈਸ਼ਲਾਈਟਾਂ
- ☐ ਕਾਰ ਦੀਆਂ ਚਾਬੀਆਂ ਦਾ ਇੱਕ ਵਾਧੂ ਸੈੱਟ, ਨਕਦੀ ਅਤੇ ਕ੍ਰੈਡਿਟ ਕਾਰਡ
- ☐ ਛੋਟੇ ਬੱਚਿਆਂ ਲਈ ਵਿਸ਼ੇਸ਼ ਆਈਟਮਾਂ
- ☐ ਚਾਰਜਰਾਂ ਅਤੇ ਬੈਕਅੱਪ ਬੈਟਰੀ ਵਾਲਾ ਸੈੱਲ ਫ਼ੋਨ
- ☐ ਮਦਦ ਲਈ ਸੰਕੇਤ ਦੇਣ ਵਾਸਤੇ ਵਿਸਲ (ਸੀਟੀ)
- ☐ ਰਾਤ ਨੂੰ ਪਹਿਨਣ ਵਾਲੇ ਕੱਪੜਿਆਂ ਅਤੇ ਟਾਇਲਟਰੀਜ਼ ਵਾਲਾ ਬੈਗ
- ☐ ਚਿਹਰੇ ਦਾ ਮਾਸਕ
- ☐ ਹੈਂਡ ਸੈਨੀਟਾਈਜ਼ਰ
- ☐ ਅੱਗ ਬੁਝਾਊ ਯੰਤਰ
- ☐ ਮਹੱਤਵਪੂਰਨ ਦਸਤਾਵੇਜ਼

## ਬਜ਼ੁਰਗਾਂ ਅਤੇ ਅਪਾਹਜ ਲੋਕਾਂ ਲਈ ਆਈਟਮਾਂ

- ☐ ਮੈਡੀਕਲ ਉਪਕਰਨ (ਬੈਟਰੀਆਂ ਅਤੇ ਚਾਰਜਰਾਂ ਸਮੇਤ)
- ☐ ਨੁਸਖ਼ੇ
- ☐ ਮੈਡੀਕਲ, ਫਾਰਮੇਸੀ ਅਤੇ ਮੈਡੀਕਲ ਡਿਵਾਈਸ ਅਪੂਰਤੀ ਸੰਬੰਧੀ ਪ੍ਰਦਾਤਾਵਾਂ ਦੀ ਸੂਚੀ, ਫ਼ੋਨ ਨੰਬਰਾਂ ਸਮੇਤ
- ☐ ਨੁਸਖ਼ਿਆਂ ਦੀਆਂ ਕਾਪੀਆਂ, ਡਾਕਟਰਾਂ ਦੇ ਆਦੇਸ਼ ਅਤੇ ਮੈਡੀਕਲ ਉਪਕਰਨਾਂ ਦੇ ਸੀਰੀਅਲ ਨੰਬਰ
- ☐ ਵਾਧੂ ਐਨਕਾਂ ਅਤੇ ਸੁਣਨ ਸੰਬੰਧੀ ਸਾਧਨ (ਵਾਧੂ ਬੈਟਰੀਆਂ ਸਮੇਤ)
- ☐ ਜੇਕਰ ਤੁਸੀਂ ਐਮਰਜੈਂਸੀ ਵਿੱਚ ਸਥਿਤੀ ਦਾ ਵਰਣਨ ਕਰਨ ਵਿੱਚ ਅਸਮਰੱਥ ਹੋ, ਤਾਂ ਮੈਡੀਕਲ ਚੇਤਾਵਨੀ ਸੰਬੰਧੀ ਟੈਗ ਜਾਂ ਬਰੇਸਲੇਟ ਜਾਂ ਤੁਹਾਡੀ ਅਪਾਹਜਤਾ ਅਤੇ/ਜਾਂ ਜ਼ਰੂਰਤਾਂ ਦਾ ਲਿਖਤੀ ਵਰਣਨ
- ☐ ਸਹਾਇਕ ਤਕਨਾਲੋਜੀ ਅਤੇ/ਜਾਂ ਸੰਚਾਰ ਸਾਧਨ
- ☐ ਪਹੁੰਚਯੋਗ ਰਿਹਾਇਸ਼
- ☐ ਸੇਵਾ ਸੰਬੰਧੀ ਜਾਨਵਰ

ਸਾਨੂੰ ਇਸ ਪਤੇ 'ਤੇ ਫਾਲੋ ਕਰੋ:

ਇਸ ਵੈੱਬਸਾਈਟ **sdge.com/emergency** 'ਤੇ ਸੁਝਾਅ, ਵੀਡੀਓ ਅਤੇ ਚੈਕਲਿਸਟਾਂ ਨਾਲ ਸੁਰੱਖਿਆ ਲਈ ਪਲਾਨ ਬਣਾਓ।

# ਆਫ਼ਤ (ਬਿਪਤਾ) ਦੀ ਜਾਣਕਾਰੀ

**ਐਮਰਜੈਂਸੀ ਦੀ ਸਥਿਤੀ ਵਿੱਚ, ਸਭ ਤੋਂ ਮਹੱਤਵਪੂਰਨ ਚੀਜ਼, ਜੋ ਤੁਸੀਂ ਕਰ ਸਕਦੇ ਹੋ, ਉਹ ਹੈ ਤਿਆਰ ਰਹਿਣਾ।**

## SDG&E®

ਹੋਰ ਜਾਣਕਾਰੀ ਲਈ **1-800-411-7343** ‘ਤੇ ਕਾਲ ਕਰੋ ਜਾਂ ਇਸ ਵੈੱਬਸਾਈਟ **sdge.com/safety** ‘ਤੇ ਜਾਓ।

## ਸਮੁਦਾਇਕ ਸਰੋਤ ਸੈਂਟਰ

ਵਿਸਤ੍ਰਿਤ ਪਬਲਿਕ ਸੇਫ਼ਟੀ ਪਾਵਰ ਸ਼ੱਟਆਫ਼ ਦੌਰਾਨ, ਅਸੀਂ ਸਰੋਤ ਕੇਂਦਰ ਖੋਲ੍ਹਾਂਗੇ। ਇਸ ਵੈੱਬਸਾਈਟ **sdge.com/resource-centers** ‘ਤੇ ਇੱਕ ਸਰੋਤ ਸੈਂਟਰ ਲੱਭੋ।

## ਰੇਡੀ ਸੈਨ ਡਿਏਗੋ

ਕਾਉਂਟੀ ਦਾ ਐਮਰਜੈਂਸੀ ਸੇਵਾਵਾਂ ਦਾ ਦਫ਼ਤਰ. ਐਮਰਜੈਂਸੀ ਦੀ ਸਥਿਤੀ ਵਿੱਚ ਸੂਚਨਾਵਾਂ ਲਈ ਸਾਈਨ ਅੱਪ ਕਰੋ: **readysandiego.org**

## SD ਐਮਰਜੈਂਸੀ ਐਪ ਡਾਊਨਲੋਡ ਕਰੋ

**https://www.readysandiego.org/SDEmergencyApp/**

## ਅਮਰੀਕਨ ਰੈੱਡ ਕਰਾਸ

ਸੈਨ ਡਿਏਗੋ/ਇੰਪੀਰੀਅਲ ਕਾਉਂਟੀਜ਼ ਚੈਪਟਰ।
ਸੰਕਟਕਾਲੀਨ, ਆਪਾਤਕਾਲੀਨ ਸਥਿਤੀ ਤੋਂ ਪਹਿਲਾਂ, ਦੌਰਾਨ ਅਤੇ ਬਾਅਦ ਵਿੱਚ ਮਦਦ ਕਰਦਾ ਹੈ।

ਸੈਨ ਡਿਏਗੋ/ਇੰਪੀਰੀਅਲ ਕਾਉਂਟੀਜ਼: ***redcross.org/sandiego***

ਔਰੈਂਜ ਕਾਉਂਟੀ: ***redcross.org/oc***

## 211 ਹੌਟਲਾਈਨ

SDG&E ਅਤੇ 211 ਨੇ PSPS ਅਤੇ ਐਮਰਜੈਂਸੀ ਦੀ ਸਥਿਤੀ ਦੌਰਾਨ ਤਿਆਰੀ ਅਤੇ ਸਵੈ-ਨਿਰਭਰਤਾ ਨੂੰ ਵਧਾਉਣ ਲਈ ਢੁਕਵੀਂ ਜਾਣਕਾਰੀ ਅਤੇ ਸੇਵਾਵਾਂ ਪ੍ਰਦਾਨ ਕਰਨ ਲਈ ਸਹਿਯੋਗ ਕੀਤਾ ਹੈ। ਸੇਵਾਵਾਂ ਵਿੱਚ ਸਹਾਇਕ ਆਵਾਜਾਈ, ਬੈਕਅੱਪ ਪਾਵਰ, ਤਿਆਰੀ ਸੰਬੰਧੀ ਵਸਤੂਆਂ, ਭੋਜਨ ਸੁਰੱਖਿਆ, ਅਸਥਾਈ ਆਸਰਾ ਅਤੇ ਤੰਦਰੁਸਤੀ ਜਾਂਚ ਸ਼ਾਮਲ ਹੋ ਸਕਦੀ ਹੈ। ਇੱਕ ਲਾਈਵ ਓਪਰੇਟਰ ਤੁਹਾਨੂੰ ਤੁਹਾਡੇ ਸਥਾਨ ਵਿੱਚ ਜ਼ਰੂਰੀ ਚੀਜ਼ ਲੱਭਣ ਵਿੱਚ ਮਦਦ ਕਰ ਸਕਦਾ ਹੈ, ਬਸ 211 ਡਾਇਲ ਕਰੋ।

## ਖ਼ਬਰਾਂ ਵਾਲਾ ਰੇਡੀਓ AM 1600 KOGO

ਐਮਰਜੈਂਸੀ ਦੌਰਾਨ ਤਾਜ਼ਾ ਅੱਪਡੇਟਾਂ ਲਈ KOGO ਚੈਨਲ ਲਗਾਓ।

SDGE™ | & ਜੰਗਲੀ ਅੱਗ ਤੋਂ ਸੁਰੱਖਿਆ

**911 ਡਾਇਲ ਕਰੋ** ਪੁਲੀਸ, ਫਾਇਰ ਅਤੇ ਮੈਡੀਕਲ ਐਮਰਜੈਂਸੀਆਂ ਲਈ

©2021 ਸੈਨ ਡਿਏਗੋ ਗੈਸ ਐਂਡ ਇਲੈਕਟ੍ਰਿਕ ਕੰਪਨੀ। ਟ੍ਰੇਡਮਾਰਕ ਉਹਨਾਂ ਦੇ ਸੰਬੰਧਿਤ ਮਾਲਕਾਂ ਦੀ ਸੰਪੱਤੀ ਹਨ। ਸਾਰੇ ਹੱਕ ਰਾਖਵੇਂ ਹਨ। S2110025 1021 34.7M